This Question Paper consists of 11 questions and 12 Printed pages.
ਇਸ ਪ੍ਰਸ਼ਨ ਪੱਤਰ ਵਿੱਚ 11 ਸੁਆਲ ਹਨ ਅਤੇ 12 ਛੱਪੇ ਹੋਏ ਪੰਨੇ ਹਨ।

Roll No.
ਰੋਲ ਨੰਬਰ : | | | | | | | | | | | | |

Code No. 71/S/210/A/P
ਕੋਡ ਨੰ.

Set / ਸੈਟ - A

# PUNJABI
# (ਪੰਜਾਬੀ)
# (210)

Day and Date of Examination
(ਪਰਿਖਿਆ ਦਾ ਦਿਨ ਅਤੇ ਮਿੱਤੀ) ____________________

Signature of Invivilators
(ਨਿਰੀਖਕਾਂ ਦੇ ਦਸਖ਼ਤ)
1. ____________________
2. ____________________

UNNATI EDUCATIONS
EK KADAM UNNATI KI AUR

## ਆਮ ਹਿਦਾਇਤਾਂ :-

1. ਪਰੀਖਿਆਰਥੀ ਪ੍ਰਸ਼ਨ ਪੱਤਰ ਦੇ ਮੁਖ ਪੰਨੇ ਤੇ ਆਪਣੇ ਰੋਲ ਨੰਬਰ ਜ਼ਰੂਰ ਲਿਖਣ।
2. ਕ੍ਰਿਪਾ ਕਰਕੇ ਪ੍ਰਸ਼ਨ ਪੱਤਰ ਵੇਖ ਲਵੋ ਕਿ ਪ੍ਰਸ਼ਨ ਪੱਤਰ ਦੇ ਕੁਲ ਪੰਨੇ ਅਤੇ ਕੁੱਲ ਸੁਆਲ ਉਹੋ ਹੀ ਹਨ ਜਿਹੜੇ ਕਿ ਮੁੱਖ ਪੰਨੇ ਦੇ ਸਭ ਤੋਂ ਉਪਰ ਲਿਖੇ ਗਏ ਹਨ। ਇਹ ਵੀ ਦੇਖ ਲਓ ਕਿ ਸੁਆਲ ਸਾਰੇ ਕ੍ਰਮਵਾਰ ਲਿਖੇ ਹੋਏ ਹਨ।
3. ਵਸਤੂਨਿਸ਼ਠ ਸੁਵਾਲਾਂ ਵਿੱਚ ਆਪਣੇ ਪ੍ਰਸ਼ਨ ਪੱਤਰ ਵਿੱਚ ਦਿੱਤੇ ਵਿਕਲਪਾਂ (A), (B), (C) ਅਤੇ (D) ਵਿਚੋਂ ਕੋਈ ਇੱਕ ਚੁਣਨਾ ਹੈ ਅਤੇ ਠੀਕ ਜੁਆਬ ਨੂੰ ਆਪਣੀ ਉੱਤਰ ਕਾਪੀ ਵਿੱਚ ਲਿਖਣਾ ਹੈ। ਬਹੁ ਵਿਕਲਪੀ ਸੁਆਲਾਂ ਲਈ ਕੋਈ ਫਾਲਤੂ ਸਮਾਂ ਨਹੀਂ ਮਿਲੇਗਾ।
4. ਉੱਤਰ ਕਾਪੀ ਵਿੱਚ ਕੋਈ ਪਛਾਣ ਚਿੰਨ ਬਨਾਉਣਾ ਜਾਂ ਆਪਣਾ ਰੋਲ ਨੰਬਰ ਨਿਰਧਾਰਿਤ ਥਾਂ ਦੀ ਜਗ੍ਹਾ ਕਿਤੇ ਹੋਰ ਲਿਖਣਾ ਪਰੀਖਿਆਰਥੀ ਦੀ ਪਾਤਰਤਾ ਨੂੰ ਰਦ ਕਰਨ ਤਕ ਲੈ ਜਾਵੇਗਾ।
5. ਆਪਣੇ ਪ੍ਰਸ਼ਨ ਪੱਤਰ ਦਾ ਕੋਡ ਨੰ. **71/S/210/A/P, Set / ਸੈਟ - A** ਉੱਤਰ ਕਾਪੀ ਵਿੱਚ ਲਿਖੋ।



UNNATI EDUCATION
9899436384: 9654-279-279

# PUNJABI

## (ਪੰਜਾਬੀ)

## (210)

Time : **3** Hours ] [ Maximum Marks : **100**

ਸਮਾਂ : **3** ਘੰਟੇ ] [ ਕੁੱਲ ਅੰਕ : **100**

**ਆਮ ਨਿਰਦੇਸ਼ :**

(i) ਹੇਠ ਲਿਖੇ ਨਿਰਦੇਸ਼ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦੇ ਪਾਲਣ ਕਰੋ।

(ii) ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਚੋਣ ਵੀ ਦਿੱਤੀ ਗਈ ਹੈ। ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।

(iii) ਉੱਤਰ ਨੂੰ ਧਿਆਨ ਨਾਲ ਲਿਖਿਆ / ਉੱਤਰ-ਸ਼ੀਟ 'ਤੇ ਦਰਜ਼ ਕੀਤਾ ਜਾਵੇ।

---

**General Instructions / ਆਮ ਹਿਦਾਇਤਾਂ :**

(1) Answers of all questions are to be given in the Answer-Book given to you.
ਸਾਰੇ ਪ੍ਰਸ਼ਨਾਂ ਦੇ ਉੱਤਰ ਪ੍ਰਸ਼ਨ ਪੱਤਰ ਵਿੱਚ ਹਨ।

(2) 15 minutes time has been allotted to read this question paper. The question paper will be distributed at 02.15 p.m. From 02.15 p.m. to 02.30 p.m., the students will read the question paper only and will not write any answer on the answer-book during this period.
ਪ੍ਰਸ਼ਨ ਪੱਤਰ ਨੂੰ ਪੜਨ ਲਈ **15** ਮਿੰਨਟ ਦਾ ਸਮਾਂ ਦਿੱਤਾ ਗਿਆ ਹੈ। ਪ੍ਰਸ਼ਨ ਪੱਤਰ **02.15 p.m.** ਤੇ ਦਿੱਤਾ ਜਾਵੇਗਾ। **02.15 p.m.** ਤੋਂ **02.30 p.m.** ਦਾ ਸਮਾਂ ਪ੍ਰਸ਼ਨ ਪੱਤਰ ਪੜਨ ਲਈ ਹੈ। ਇਸ ਦੋਰਾਨ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖੇਗਾ।

---

UNNATI EDUCATIONS
EK KADAM UNNATI KI AUR

**1** **ਪੁੱਛੇ ਗਏ ਅਨੁਸਾਰ 14 ਬਹੁਵਿਕਲਪੀ ਪ੍ਰਸ਼ਨਾਂ ਵਿੱਚ ਕੋਈ 13 ਪ੍ਰਸ਼ਨਾਂ ਦੇ ਉੱਤਰ ਲਿਖੋ।** **13×1=13**

(i) ਭਾਵਵਾਚਕ ਨਾਂਵ ਦੀ ਸਹੀ ਉਦਾਹਰਨ ਲਿਖੋ।

(A) ਟੀਮ (B) ਅਮਰ

(C) ਗਰਮੀ (D) ਘੋੜਾ

(ii) 'ਪੰਡਤਾਣੀ' ਦਾ ਪੁਲਿੰਗ ਹੈ -

(A) ਪੰਡਤ (B) ਪੰਡਤਾ

(C) ਪੰਢਤ (D) ਪੰਡਤ

(iii) 'ਹਵਾ' ਸ਼ਬਦ ਦਾ ਬਹੁਵਚਨ ਹੈ -

(A) ਹਵਾ (B) ਹਵਾਆਂ

(C) ਹੂਾਵਾਂ (D) ਹਵਾਵਾਂ



**UNNATI EDUCATION**
**9899436384: 9654-279-279**

(iv) ਰਵੀ ਨੇ ਘੜੀ ਖਰੀਦੀ। ਵਾਕ ਵਿੱਚ 'ਨੇ' ਕਿਹੜਾ ਕਾਰਕ ਹੈ?

(A) ਕਰਤਾ ਕਾਰਕ (B) ਕਰਮ ਕਾਰਕ

(C) ਕਰਨ ਕਾਰਕ (D) ਸੰਪਰਦਾਨ ਕਾਰਕ

(v) ਹੇਠ ਦਿੱਤੇ ਸ਼ਬਦ ਜੋੜਿਆਂ ਵਿੱਚੋਂ ਸਹੀ ਪੂਰਨ ਸੰਬੰਧਕ ਚੁਣੋ -

(A) ਕੋਲ, ਬਾਹਰ (B) ਤੇ, ਪਰ

(C) ਨੇੜੇ, ਸਾਹਮਣੇ (D) ਉੱਤੋਂ, ਨੂੰ

(vi) ਯੋਜਕ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

(A) ਦੋ (B) ਇੱਕ

(C) ਦਸ (D) ਛੇ

(vii) ਦੋ ਜਾਂ ਦੋ ਤੋਂ ਵੱਧ ਸ਼ਬਦਾਂ ਦੇ ਮੇਲ ਨਾਲ ਬਣਨ ਵਾਲੇ ਸ਼ਬਦਾਂ ਨੂੰ ਕੀ ਕਹਿੰਦੇ ਹਨ?

(A) ਵਾਕਾਂਸ਼ (B) ਨਾਂਵ ਸ਼ਬਦ

(C) ਸਮਾਸੀ ਸ਼ਬਦ (D) ਸੰਬੰਧਕ

(viii) 'ਅੰਤਰਜਾਮੀ', 'ਅੰਤਰਧਿਆਨ' ਅਤੇ 'ਅੰਤਰਮੁਖੀ' ਵਿੱਚ ਸਹੀ ਅਗੇਤਰ ਚੁਣੋ।

(A) ਅੰਤਰ (B) ਜਾਮੀ

(C) ਧਿਆਨ (D) ਮੁਖੀ

(ix) 'ਲਾਚਾਰੀ' ਸ਼ਬਦ ਵਿੱਚ ਸਹੀ ਪਿਛੇਤਰ ਚੁਣੋ।

(A) ਲਾ (B) ਚਾਰੀ

(C) ਲਾਚਾਰ (D) ਰੀ

(x) 'ਆਸ' ਦਾ ਸਹੀ ਸਮਾਨਾਰਥੀ ਸ਼ਬਦ ਸਮੂਹ ਚੁਣੋ।

(A) ਨਿਰਾਸ, ਆਸ਼ਾ (B) ਨਾਉਮੀਦ, ਉਮੀਦ

(C) ਬੇਆਸ, ਤਾਂਘ (D) ਉਮੀਦ, ਕਾਮਨਾ

(xi) 'ਉੱਤਮ' ਦਾ ਵਿਰੋਧੀ ਸ਼ਬਦ ਹੈ -

(A) ਘਟੀਆ (B) ਖਾਸ

(C) ਚੰਗਾ (D) ਖੂਬਸੂਰਤ

(xii) ਇਸ ਮਕਾਨ ਦਾ ਕੰਮ ਜਲਦੀ ____ ਹੋ ਜਾਣਾ ਚਾਹੀਦਾ ਹੈ। ਕੰਮ ____ ਹੋਣ 'ਤੇ ਹੀ ____ ਬਕਾਇਆ ਦਿੱਤਾ ਜਾਵੇਗਾ। ਖਾਲੀ ਥਾਵਾਂ ਵਿੱਚ ਸਹੀ ਬਹੁਅਰਥਕ ਸ਼ਬਦ ਕਰੋ।

(A) ਸੌਖਾ (B) ਪੂਰਾ

(C) ਅੱਧਾ (D) ਨੇੜੇ

(xiii) ਊਠ ਦੇ ਮੂੰਹ ____ ਦੇਣਾ। ਮੁਹਾਵਰਾ ਪੂਰਾ ਕਰੋ।

(A) ਜੀਰਾ (B) ਲਾਚੀ

(C) ਹਲਦੀ (D) ਖਜੂਰ

(xiv) 'ਹੱਥ-ਪੈਰ ਮਾਰਨੇ।' ਮੁਹਾਵਰੇ ਦਾ ਅਰਥ ਹੈ -

(A) ਲੜਾਈ ਕਰਨੀ (B) ਕਸਰਤ ਕਰਨੀ

(C) ਵੇਇੱਜ਼ਤੀ ਕਰਨੀ (D) ਕੋਸ਼ਿਸ਼ ਕਰਨੀ



UNNATI EDUCATIONS
EK KADAM UNNATI KI AUR
UNNATI EDUCATION
9899436384: 9654-279-279

**2** **ਪੁੱਛੇ ਗਏ ਅਨੁਸਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ।** **8×1=8**

(i) ਫ਼ਰੀਦ ਜੀ ਅਨੁਸਾਰ ਬੁਰੇ ਕੰਮ ਨਾ ਤਿਆਗਣ 'ਤੇ ਕਿਸੇ ਦੇ ਦਰਬਾਰ ਵਿੱਚ ਸ਼ਰਮਿੰਦਾ ਹੋਣਾ ਪਵੇਗਾ?

(A) ਰਾਜੇ ਦੇ (B) ਨੇਤਾ ਦੇ

(C) ਪ੍ਰਭੂ ਦੇ (D) ਸਰਕਾਰ ਦੇ

(ii) ਫ਼ਰੀਦ ਜੀ ਨੇ ਮਨੁੱਖ ਨੂੰ ਕੀ ਕਰਨ ਲਈ ਕਿਹਾ ਹੈ?

(A) ਦੂਜਿਆਂ ਦੀ ਨਿੰਦਿਆ ਕਰਨ ਲਈ (B) ਕਾਲੇ ਕੱਪੜੇ ਪਾਉਣ ਲਈ

(C) ਆਪਣੇ ਅੰਦਰ ਝਾਤ ਮਾਰਨ ਲਈ (D) ਧੰਨ-ਸੰਪਤੀ ਇੱਕਠੀ ਕਰਨ ਲਈ

(iii) ਬੁੱਲ੍ਹੇਸ਼ਾਹ ਅਨੁਸਾਰ ਸੰਸਾਰ ਦਾ ਸੱਚ ਕੀ ਹੈ?

(A) ਨਾਸ਼ਮਾਨਤਾ (B) ਸਥਿਰਤਾ

(C) ਗਤੀ (D) ਜੀਵੰਤ

(iv) ਬੁੱਲ੍ਹੇਸ਼ਾਹ ਅਨੁਸਾਰ ਮਨੁੱਖ ਕਿਸ ਵਿੱਚ ਫਸਿਆ ਹੋਇਆ ਹੈ?

(A) ਦਿਖਾਵੇ (B) ਭੁਲੇਖੇ

(C) ਮਸਤੀ (D) ਹੰਕਾਰ

(v) 'ਸਿੰਮਲੁ ਰੁਖੁ ਸਰਾਇਰਾ' ਰਚਨਾ ਅਨੁਸਾਰ ਦੂਣਾ ਕੌਣ ਝੁੱਕਦਾ ਹੈ?

(A) ਅਪਰਾਧੀ (B) ਲਾਲਚੀ

(C) ਭਿਖਾਰੀ (D) ਪੰਛੀ

(vi) ਵਿਛੜੇ ਯਾਰ ਨੂੰ ਕੋਈ ਨਹੀਂ ਮਿਲਾ ਸਕਦਾ, ਇਹ ਸ਼ਬਦ ਕਿਸਨੇ ਕਹੇ।

(A) ਰਾਂਝੇ ਨੇ (B) ਹੀਰ ਨੇ

(C) ਨਨਾਣ ਨੇ (D) ਜੋਗੀ ਨੇ

(vii) ਸਹਿਤੀ ਦੀ ਲੜਾਈ ਕਿਸ ਨਾਲ ਹੋਈ ਸੀ?

(A) ਵਾਰਿਸਸ਼ਾਹ ਨਾਲ (B) ਕੈਦੋ ਨਾਲ

(C) ਭਰਜਾਈ ਨਾਲ (D) ਰਾਂਝੇ ਨਾਲ

(viii) 'ਜੰਗ ਸਿੰਘਾਂ ਤੇ ਫ਼ਰੰਗੀਆਂ' ਵਿੱਚ ਕਿਸ ਨੇ ਤੇਗਾਂ ਮਾਰੀਆਂ ਸਨ?

(A) ਮਹਾਰਾਜਾ ਰਣਜੀਤ ਸਿੰਘ ਨੇ (B) ਅੰਗ੍ਰੇਜ਼ਾਂ ਨੇ

(C) ਖਾਲਸੇ ਨੇ (D) ਸ਼ਾਹ ਮੁਹੰਮਦ ਨੇ



UNNATI EDUCATIONS
EK KADAM UNNATI KI AUR
**UNNATI EDUCATION**
**9899436384: 9654-279-279**

**3 ਪੁੱਛੇ ਗਏ ਅਨੁਸਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ।** **7×1=7**

(i) ਗੁਰੂ ਨਾਨਕ ਦੇਵ ਜੀ ਦੀ ਮਾਤਾ ਜੀ ਦਾ ਕੀ ਨਾਂ ਸੀ?

(A) ਮਾਤਾ ਤ੍ਰਿਪਤਾ (B) ਮਾਤਾ ਗੰਗਾ

(C) ਮਾਤਾ ਨਾਨਕੀ (D) ਮਾਤਾ ਗੁਜਰੀ

(ii) ਵੱਡੇ-ਵੱਡੇ ਕੱਥਕੜ ਲੋਕਾਂ ਨੂੰ ਕਿਸ ਨਾਲ ਹੈਰਾਨ ਕਰ ਦਿੰਦੇ ਹਨ?

(A) ਆਪਣੀ ਬਰਾਦਰੀ ਦੇ ਕਿੱਸੇ ਸੁਣਾ ਕੇ

(B) ਆਪਣੀ ਦੌਲਤ ਦਾ ਰੋਅਬ ਪਾਕੇ

(C) ਆਪਣੇ ਬੱਚਿਆਂ ਦੀਆਂ ਪ੍ਰਾਪਤੀਆਂ ਦੱਸ ਕੇ

(D) ਆਪਣੀ ਸਿਆਣਪ ਤੇ ਵਿੱਦਿਆ ਦੇ ਚਮਤਕਾਰ ਦੱਸ ਕੇ

(iii) ਅੱਜ-ਕੱਲ ਬਹੁਤ ਸਾਰੀ ਦੁਰਾਚਾਰੀ ਦਾ ਕੀ ਕਾਰਨ ਹੈ?

(A) ਪੈਸੇ ਦੀ ਖੁੱਲ (B) ਘਰੋਗੀ ਵੱਸੋਂ ਦਾ ਘਾਟਾ

(C) ਸ਼ਹਿਰਾਂ ਵਿੱਚ ਰਹਿਣਾ (D) ਸੈਰ ਨਾ ਕਰਨਾ

(iv) ਸਮਾਜ ਅਤੇ ਦੇਸ਼ ਦਾ ਪਿਆਰ ਕਿੱਥੋਂ ਪੈਦਾ ਹੁੰਦਾ ਹੈ?

(A) ਫ਼ੌਜ ਵਿੱਚ ਭਰਤੀ ਹੋ ਕੇ (B) ਐਨ.ਸੀ. ਸੀ. ਵਿੱਚ ਭਰਤੀ ਹੋ ਕੇ

(C) ਅਨੁਸ਼ਾਸਨ ਵਿੱਚ ਰਹਿ ਕੇ (D) ਘਰ ਦੇ ਪਿਆਰ ਤੋਂ

(v) ਪ੍ਰਭਾਵ ਕਿਸ ਦੀ ਸਿਫ਼ਤ ਹੈ?

(A) ਵਾਤਾਵਰਣ ਦੀ (B) ਸੁੰਦਰਤਾ ਦੀ

(C) ਦੌਲਤ ਦੀ (D) ਰੁਤਬੇ ਦੀ

(vi) ਘਰ ਦੇ ਕਮਰਿਆਂ ਦੀ ਕੀ ਹੋਣੀ ਚਾਹੀਦੀ ਹੈ?

(A) ਲਿਪਾਈ (B) ਸਜਾਵਟ

(C) ਮੁਰੰਮਤ (D) ਸ਼ਖਸੀਅਤ

(vii) ਵਾਤਾਵਰਣ ਕਿਸ ਦੀ ਬੋਲੀ ਹੈ?

(A) ਚਿਹਰੇ ਦੀ (B) ਮਨੁੱਖ ਦੀ

(C) ਸ਼ਖਸੀਅਤ ਦੀ (D) ਆਤਮਾ ਦੀ



UNNATI EDUCATIONS
EK KADAM UNNATI KI AUR
UNNATI EDUCATION
9899436384: 9654-279-279

**4** **ਪੁੱਛੇ ਗਏ ਅਨੁਸਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਦਿਉ।** **6×1=6**

(i) 'ਸਵਰਗ ਦੀ ਝਲਕ' ਕਹਾਣੀ ਵਿੱਚ ਲੇਖਕ ਪਹਿਲਾਂ ਕਿਸ ਨੂੰ ਬੁਰਾ ਸਮਝਦਾ ਸੀ?

(A) ਟਾਂਗੇ ਨੂੰ (B) ਰਿਕਸ਼ੇ ਨੂੰ

(C) ਪੈਦਲ ਚੱਲਣ ਨੂੰ (D) ਸਾਈਕਲ ਚਲਾਉਣ ਨੂੰ

(ii) 'ਸਵਰਗ ਦੀ ਝਲਕ' ਕਹਾਣੀ ਵਿੱਚ ਲੇਖਕ ਨੇ ਜੁਆਨੀ ਵਿੱਚ ਕਿਹੜੀ ਥਾਂ ਮੁਸ਼ਕਲ ਨਾਲ ਦੇਖੀ ਸੀ?

(A) ਕੁੱਲੂ (B) ਮਨਾਲੀ

(C) ਸ਼ਿਮਲਾ (D) ਧਰਮਸ਼ਾਲਾ

(iii) 'ਸਵਰਗ ਦੀ ਝਲਕ' ਕਹਾਣੀ ਵਿੱਚ ਰਿਕਸ਼ੇ ਵਾਲੇ ਦੀ ਅੱਖ ਵਿੱਚ ਕਿਹੜੀ ਭੁੱਖ ਸੀ?

(A) ਦਾਦ ਦੀ (B) ਸ਼ੁਹਰਤ ਦੀ

(C) ਸੁੱਹਪਣ ਦੀ (D) ਪੈਸੇ ਦੀ

(iv) ਵੱਡੇ ਸਰਕਾਰ ਦੀ ਧੀ ਦੇ ਕਿੰਨੇ ਬੱਚੇ ਸਨ?

(A) ਇੱਕ (B) ਤਿੰਨ

(C) ਦੋ (D) ਚਾਰ

(v) 'ਸਾਂਝ' ਕਹਾਣੀ ਦੇ ਅੰਤ ਵਿੱਚ ਬੱਡਾ ਸਰਦਾਰ ਕੀ ਕਰਦਾ ਹੈ?

(A) ਘਰੋਂ ਨਿਕਲ ਜਾਂਦਾ ਹੈ (B) ਭੁੱਬਾਂ ਮਾਰਕੇ ਰੋਣ ਲੱਗਦਾ ਹੈ

(C) ਧੀ ਨੂੰ ਮੁਲਣ ਜਾਂਦਾ ਹੈ (D) ਲੋਕਾਂ ਦਾ ਸਵਾਗਤ ਕਰਦਾ ਹੈ

(vi) ਵੱਡੇ ਸਰਦਾਰ ਉੱਤੇ ਕਿਹੋ ਜਿਹਾ ਵਕਤ ਘਟਿਆ ਹੋਇਆ ਸੀ?

(A) ਕਰੜਾ (B) ਸੌਖਾ

(C) ਖੁਸ਼ਹਾਲ (D) ਵਧੀਆ

**5** **ਪੁੱਛੇ ਗਏ ਅਨੁਸਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ।** **4×1=4**

(i) ਮੋਟਰਵਾਲਾ ਗਰਾਜ ਵਿੱਚ ਕਿਸ ਕੰਮ ਆਇਆ ਸੀ?

(A) ਪੁਰਾਣੀ ਗੱਡੀ ਖਰੀਦਣ (B) ਮੈਨੇਜਰ ਨੂੰ ਮਿਲਣ

(C) ਗੱਡੀ ਪੇਂਟ ਕਰਾਉਣ (D) ਗੱਡੀ ਦਾ ਡਿੱਪਰ ਠੀਕ ਕਰਾਉਣ

(ii) ਬਸੰਤ ਰਾਮ ਕੌਣ ਸੀ?

(A) ਗੱਡੀ ਦਾ ਮਾਲਕ (B) ਗਰਾਜ ਦਾ ਮਾਲਕ

(C) ਮਿਸਤਰੀ (D) ਚਪੜਾਸੀ

(iii) "ਸਾਡੀ ਤਾਂ ਪਾਲਿਸੀ ਇਹ ਹੈ" ਚੰਗਾ ਕੰਮ ਤੇ ਚੰਗੇ ਦੰਮ। 'ਬੇ-ਈਮਾਨ' ਇਕਾਂਗੀ ਵਿੱਚ ਇਹ ਸ਼ਬਦ ਕਿਸਨੇ ਕਹੇ?

(A) ਮੋਟਰਵਾਲੇ ਨੇ (B) ਮੈਨੇਜਰ ਨੇ

(C) ਇੰਸਪੈਕਟਰ ਨੇ (D) ਮਿਸਤਰੀ ਨੇ

(iv) ਮੋਟਰਵਾਲੇ ਦੇ ਨਾਲ ਕੌਣ ਸੀ?

(A) ਉਸਦੀ ਤੀਵੀਂ (B) ਉਸਦਾ ਨੌਕਰ

(C) ਉਸਦਾ ਪੁੱਤਰ (D) ਉਸਦੀ ਧੀ



UNNATI EDUCATIONS
EK KADAM UNNATI KI AUR
UNNATI EDUCATION
9899436384: 9654-279-279

6 ਹੇਠ ਦਿੱਤੇ ਅਣਡਿੱਠੇ ਪੈਰਿਆਂ ਨੂੰ ਪੜ੍ਹੋ ਅਤੇ ਉਹਨਾਂ ਹੇਠ ਦਿੱਤੇ ਪ੍ਰਸ਼ਨਾਂ ਦੇ ਬਹੁਵਿਕਲਪੀ ਉੱਤਰਾਂ ਵਿੱਚੋਂ ਸਹੀ ਉੱਤਰ ਲਿਖੋ।

**1. ਪੁੱਛੇ ਗਏ ਅਨੁਸਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ।** **6×1=6**

ਲੜਾਈ ਦਾ ਮੁੱਢ ਮਨੁੱਖ ਦੇ ਧਰਤੀ ਉੱਤੇ ਆਉਣ ਨਾਲ ਹੀ ਬੱਝ ਗਿਆ। ਪਹਿਲਾਂ ਲੜਾਈ ਦਾ ਮੁੱਖ ਕਾਰਨ ਆਪਣੀ ਮਲਕੀਅਤ ਵਿੱਚ ਵਾਧਾ ਕਰਨਾ ਸੀ। ਜਦੋਂ ਮਨੁੱਖ ਨੂੰ ਹੱਕਾਂ ਦੀ ਸੋਝੀ ਹੋ ਗਈ ਤਾਂ ਉਹ ਆਪਣੇ ਹੱਕਾਂ ਦੀ ਰਾਖੀ ਕਰਨ ਲਈ ਵੀ ਲੜਨ ਲੱਗਾ। ਸੰਸਾਰ ਵਿੱਚ ਸੱਭਿਅਤਾ ਦੇ ਵਿਕਾਸ ਨਾਲ ਕਾਨੂੰਨ ਇਸ ਕਰਕੇ ਵਣਾਏ ਗਏ ਤਾਂ ਜੋ ਲੜਾਈ-ਝਗੜੇ ਨੂੰ ਰੋਕਿਆ ਜਾਵੇ। ਦੁਨੀਆ ਵਿੱਚ ਧਰਮ ਦੇ ਪੈਰੋਕਾਰਾਂ ਨੇ ਵੀ ਆਪਸ ਵਿੱਚ ਮਿਲ ਕੇ ਰਹਿਣ ਲਈ ਕਿਹਾ, ਸ਼ਾਂਤੀ ਦਾ ਉਪਦੇਸ਼ ਦਿੱਤਾ, ਸੱਭ ਤੋਂ ਭਿਆਨਕ ਲੜਾਈਆਂ ਵੀਹਵੀਂ ਸਦੀ ਵਿੱਚ ਹੋਈਆਂ। ਦੂਜੇ ਵਿਸ਼ਵ ਯੁੱਧ ਵਿੱਚ ਪਹਿਲੀ ਵਾਰ ਐਟਮੀ ਬੰਬਾਂ ਦੀ ਵਰਤੋਂ ਹੋਈ ਜਿਸ ਨਾਲ ਜਪਾਨ ਦੇ ਦੋ ਸ਼ਹਿਰ ਹੀਰੋਸ਼ਿਮਾ ਤੇ ਨਾਗਾਸਾਕੀ ਬੁਰੀ ਤਰ੍ਹਾਂ ਤਬਾਹ ਹੋ ਗਏ। ਇਸ ਤਬਾਹੀ ਨੂੰ ਵੇਖਦਿਆਂ ਸੰਸਾਰ ਦੇ ਬਹੁਤੇ ਦੇਸ਼ਾਂ ਨੇ ਫ਼ੈਸਲਾ ਕੀਤਾ ਕਿ ਵਿਸ਼ਵ ਪੱਧਰ ਉੱਤੇ ਅਜਿਹੀ ਸੰਸਥਾ ਬਣਾਈ ਜਾਵੇ ਜਿਹੜੀ ਲੜਾਈਆਂ ਨੂੰ ਰੋਕ ਸਕੇ। ਇਸ ਸੰਸਥਾ ਦਾ ਨਾਮ ਸੰਯੁਕਤ ਰਾਸ਼ਟਰ ਸੰਘ ਰੱਖਿਆ। ਇਸ ਸੰਸਥਾ ਨੇ 1981 ਈਸਵੀ ਵਿੱਚ ਆਪਣੇ ਆਮ ਇਜਲਾਸ ਵਿੱਚ ਇਹ ਫ਼ੈਸਲਾ ਕੀਤਾ ਕਿ ਹਰ ਸਤੰਬਰ ਦੇ ਤੀਜੇ ਮੰਗਲਵਾਰ ਨੂੰ ਅੰਤਰਰਾਸ਼ਟਰੀ ਅਮਨ ਦਿਵਸ ਵਜੋਂ ਮਨਾਇਆ ਜਾਵੇ।

(i) ਮਨੁੱਖਾਂ ਵਿੱਚ ਪਹਿਲਾਂ ਲੜਾਈ ਦਾ ਕੀ ਕਾਰਨ ਸੀ?

(A) ਆਪਸੀ ਦੁਸ਼ਮਣੀ (B) ਕਬੀਲੇ ਦੀਆਂ ਔਰਤਾਂ

(C) ਮਲਕੀਅਤ ਵਿੱਚ ਵਾਧਾ (D) ਭੋਜਨ ਦੀ ਘਾਟ

(ii) ਸੱਭਿਅਤਾ ਦੇ ਵਿਕਾਸ ਨਾਲ ਕਾਨੂੰਨ ਕਿਉਂ ਬਣਾਏ ਗਏ?

(A) ਲੋਕਾਂ ਨੂੰ ਕੰਟਰੋਲ ਕਰਨ ਲਈ (B) ਸਮਾਜ ਦਾ ਕੰਮ ਚਲਾਉਣ ਲਈ

(C) ਲੜਾਈ-ਝਗੜੇ ਰੋਕਣ ਲਈ (D) ਦੂਸਰੇ ਇਲਾਕੇ ਜਿੱਤਣ ਲਈ

(iii) ਧਰਮ ਦੇ ਪੈਰੋਕਾਰਾਂ ਨੇ ਕੀ ਉਪਦੇਸ਼ ਦਿੱਤੇ?

(A) ਆਪਣੇ ਧਰਮ ਨੂੰ ਮੰਨਿਆਂ ਜਾਵੇ। (B) ਸ਼ਾਂਤੀ ਨਾਲ ਰਿਹਾ ਜਾਵੇ।

(C) ਧਰਮ ਦੀ ਰੱਖਿਆ ਕੀਤੀ ਜਾਵੇ। (D) ਔਰਤ ਦਾ ਸਤਿਕਾਰ ਕੀਤਾ ਜਾਵੇ।

(iv) ਪਹਿਲੀ ਵਾਰ ਐਟਮੀ ਬੰਬ ਦੀ ਵਰਤੋਂ ਕਦੋਂ ਕੀਤੀ ਗਈ?

(A) ਪਹਿਲੇ ਵਿਸ਼ਵਯੁੱਧ ਵਿੱਚ (B) 1981 ਈ: ਵਿੱਚ

(C) ਦੂਜੇ ਵਿਸ਼ਵਯੁੱਧ ਵਿੱਚ (D) ਇਸ ਦੀ ਵਰਤੋਂ ਹੀ ਨਹੀਂ ਹੋਈ



UNNATI EDUCATION
9899436384: 9654-279-279

(v) ਹੀਰੋਸ਼ਿਮਾ ਤੇ ਨਾਗਾਸਾਕੀ ਕਿੱਥੋਂ ਦੇ ਸ਼ਹਿਰ ਹਨ?

(A) ਚੀਨ ਦੇ (B) ਜਪਾਨ ਦੇ

(C) ਇੰਗਲੈਂਡ ਦੇ (D) ਨੁਊਜ਼ੀਲੈਂਡ ਦੇ

(vi) ਸੰਯੁਕਤ ਰਾਸ਼ਟਰ ਸੰਘ ਨੇ ਕਿਹੜੇ ਦਿਨ ਨੂੰ ਅਮਨ-ਦਿਵਸ ਵਜੋਂ ਮਨਾਉਣ ਦਾ ਫ਼ੈਸਲਾ ਕੀਤਾ?

(A) ਜਨਵਰੀ ਦਾ ਪਹਿਲਾ ਮੰਗਲਵਾਰ

(B) ਅਪ੍ਰੈਲ ਦਾ ਦੂਜਾ ਬੁੱਧਵਾਰ

(C) ਸਤੰਬਰ ਦਾ ਤੀਜਾ ਮੰਗਲਵਾਰ

(D) ਦਸੰਬਰ ਦਾ ਪਹਿਲਾ ਸੋਮਵਾਰ

**2. ਪੁੱਛੇ ਗਏ ਅਨੁਸਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ।** **6×1=6**

ਚੰਗੀ ਬੋਲ-ਚਾਲ ਸਦਕਾ ਔਖੇ ਕਾਰਜ ਸੁਖਾਲੇ ਹੋ ਜਾਂਦੇ ਹਨ। ਸੰਕਟ ਟਲ ਜਾਂਦੇ ਹਨ। ਦੁਸ਼ਮਣਾਂ ਤੋਂ ਮਿੱਤਰ ਬਣ ਜਾਂਦੇ ਹਨ। ਕਾਰੋਬਾਰ ਵਿੱਚ ਵਾਧਾ ਹੁੰਦਾ ਹੈ। ਮੌਕੇ ਮੁਤਾਬਿਕ ਢੁਕਵੀਂ ਤੇ ਜਚਵੀਂ ਬੋਲ-ਚਾਲ ਉਹ ਕਰਾਮਾਤ ਕਰ ਜਾਂਦੀ ਹੈ ਜੋ ਨਾ ਪੈਸਾ ਕਰ ਸਕਦਾ ਹੈ ਅਤੇ ਨਾ ਕੋਈ ਹਥਿਆਰ। ਤਬਾਹੀ ਮਚਾਉਂਦੇ ਜੰਗਾਂ-ਯੁੱਧਾਂ ਤੋਂ ਪਿੱਛੋਂ ਮਸਲਿਆਂ ਦੇ ਹੱਲ ਲਈ ਬੋਲ-ਚਾਲ ਦਾ ਰਾਹ ਅਪਣਾਇਆ ਜਾਂਦਾ ਹੈ। ਬੋਲ-ਚਾਲ ਸਾਡੇ ਲਈ ਬਾਹਰਲੇ ਸੰਸਾਰ ਦੇ ਬੂਹੇ ਖੋਲਦੀ ਹੈ। ਤਾਂ ਹੀ ਸਾਡੀਆਂ ਪੜ੍ਹਾਈਆਂ ਵਿੱਚ ਭਾਸ਼ਾਵਾਂ ਨੂੰ ਵਿਸ਼ਿਆਂ ਵਜੋਂ ਰੱਖਿਆ ਜਾਂਦਾ ਹੈ। ਭਾਸ਼ਾ ਉੱਤੇ ਜਿੰਨਾ ਕਿਸੇ ਦਾ ਅਧਿਕਾਰ ਹੋਵੇਗਾ, ਉਨਾ ਹੀ ਉਸ ਦੀ ਬੋਲ-ਚਾਲ ਵਿੱਚ ਨਿਖਾਰ ਆਉਂਦਾ ਜਾਵੇਗਾ। ਨੌਕਰੀਆਂ, ਮੁਕਾਬਲੇ ਦੇ ਇਮਤਿਹਾਨਾਂ, ਇੱਥੋਂ ਤੱਕ ਕਿ ਸੁੰਦਰਤਾ ਮੁਕਾਬਲਿਆਂ ਵਿੱਚ ਵੀ ਚੰਗੀ ਬੋਲ-ਚਾਲ ਦੇ ਗੁਣ ਨੂੰ ਆਂਕਿਆ ਜਾਂਦਾ ਹੈ। ਚੰਗੀ ਬੋਲ-ਚਾਲ ਸਾਨੂੰ ਸਹਿਯੋਗ ਲੈ ਸਕਣ ਦੇ ਯੋਗ ਬਣਾ ਦਿੰਦੀ ਹੈ, ਚੰਗੀ ਬੋਲ-ਚਾਲ ਸਮਾਜਿਕ ਮੱਹਤਤਾ ਵਾਲਾ ਗੁਣ ਹੈ। ਆਪਣੀ ਬੋਲ-ਚਾਲ ਪ੍ਰਤੀ ਸੁਚੇਤ ਹੋਇਆਂ ਇਸ ਗੁਣ ਨੂੰ ਦੂਜਿਆਂ ਅਤੇ ਆਪਣੀ ਖੁਸ਼ੀ ਅਤੇ ਕਾਮਯਾਬੀ ਲਈ ਵਰਤਿਆ ਜਾ ਸਕਦਾ ਹੈ।

(i) ਚੰਗੀ ਬੋਲ-ਚਾਲ ਸਦਕਾ ਕੀ ਹੁੰਦਾ ਹੈ?

(A) ਲੋਕੀ ਮੂਰਖ ਬਣਾ ਜਾਂਦੇ ਹਨ।

(B) ਲੋਕ ਡਰਨਾ ਬੰਦ ਕਰ ਦਿੰਦੇ ਹਨ।

(C) ਔਖੇ ਕਾਰਜ ਸੁਖਾਲੇ ਹੋ ਜਾਂਦੇ ਹਨ।

(D) ਲੋਕ ਚਾਪਲੂਸੀ ਕਰ ਲੱਗ ਜਾਂਦੇ ਹਨ।



UNNATI EDUCATION
9899436384: 9654-279-279

(ii) ਸਾਡੀ ਬੋਲ-ਚਾਲ ਕਿਹੋ ਜਿਹੀ ਹੋਣੀ ਚਾਹੀਦੀ ਹੈ?

(A) ਦੂਜਿਆਂ ਉੱਤੇ ਰੋਅਬ ਰੱਖਣ ਵਾਲੀ

(B) ਮੌਕੇ ਮੁਤਾਬਿਕ ਢੁੱਕਵੀਂ

(C) ਆਪਣੇ ਆਪ ਉੱਤੇ ਕੇਂਦਰਿਤ

(D) ਦੂਜਿਆਂ ਨੂੰ ਨਿਸ਼ਾਨਾ ਬਣਾਉਣ ਵਾਲੀ

(iii) ਯੁੱਧਾਂ ਤੋਂ ਪਿੱਛੋਂ ਮਸਲਿਆਂ ਦੇ ਹੱਲ ਲਈ ਕਿਹੜਾ ਰਾਹ ਅਪਣਾਇਆ ਜਾਂਦਾ ਹੈ?

(A) ਕੂਟਨੀਤਕ (B) ਡਰਾਉਣ ਵਾਲਾ

(C) ਬੋਲ-ਚਾਲ ਦਾ (D) ਧਮਕਾਉਣ ਵਾਲਾ

(iv) ਕਿਸ ਦੀ ਬੋਲ-ਚਾਲ ਵਿੱਚ ਨਿਖਾਰ ਆਉਂਦਾ ਹੈ?

(A) ਜਿਸਦਾ ਭਾਸ਼ਾ ਉੱਤੇ ਅਧਿਕਾਰ ਹੋਵੇ

(B) ਜਿਹੜਾ ਕਿਸੇ ਦੀ ਨਾ ਸੁਣੇ

(C) ਜਿਹੜਾ ਦੂਜਿਆਂ ਦੀ ਗੱਲ ਨਾ ਮੰਨੇ

(D) ਜਿਹੜਾ ਖੁਦ ਵਿੱਚ ਮਸਤ ਰਹੇ

(v) ਚੰਗੀ ਬੋਲ-ਚਾਲ ਸਾਨੂੰ ਕੀਸਦੇ ਯੋਗ ਬਣਾਉਂਦੀ ਹੈ?

(A) ਦੂਜਿਆਂ ਨੂੰ ਪ੍ਰਭਾਵਿਤ ਕਰਨ ਦੇ

(B) ਦੂਜਿਆਂ ਨੂੰ ਧਮਕਾ ਸਕਣ ਦੇ

(C) ਆਪਣਾ ਵਪਾਰ ਵਧਾਉਣ ਦੇ

(D) ਦੂਜਿਆਂ ਤੋਂ ਸਹਿਯੋਗ ਲੈ ਸਕਣ ਦੇ

(vi) ਸਾਨੂੰ ਆਪਣੀ ਬੋਲ-ਚਾਲ ਪ੍ਰਤੀ ਕਿਵੇਂ ਰਹਿਣਾ ਚਾਹੀਦਾ ਹੈ?

(A) ਆਕੜ ਕੇ (B) ਨੀਵਾਂ ਹੋ ਕੇ

(C) ਸੁਚੇਤ (D) ਮਸਤ

**7 ਪੁੱਛੇ ਗਏ ਅਨੁਸਾਰ 15 ਪ੍ਰਸ਼ਨਾਂ ਵਿੱਚੋਂ ਕੋਈ 10 ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਲਿਖੋ।** **10×2=20**

(i) ਬੋਲੀ ਕਿਸ ਨੂੰ ਆਖਦੇ ਹਨ?

(ii) 'ਸਾਰਥਕ ਸ਼ਬਦ' ਤੋਂ ਕੀ ਭਾਵ ਹੈ? ਉਦਾਹਰਣ ਸਹਿਤ ਲਿਖੋ।

(iii) ਪੜਨਾਂਵ ਕਿਸ ਨੂੰ ਕਹਿੰਦੇ ਹਨ? ਇਹ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?



UNNATI EDUCATIONS
EK KADAM UNNATI KI AUR
UNNATI EDUCATION
9899436384: 9654-279-279

(iv) ਕਿਰਿਆ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ? ਨਾਂ ਲਿਖੋ।

(v) ਵਿਸਮਕ ਚਿੰਨ੍ਹ ਦੀ ਵਰਤੋਂ ਕਦੋਂ ਕੀਤੀ ਜਾਂਦੀ ਹੈ?

(vi) 'ਇੱਕ ਪੰਥ ਦੋ ਕਾਜ' ਅਖਾਣ ਕਦੋਂ ਵਰਤਿਆ ਜਾਂਦਾ ਹੈ?

(vii) ਸਮੇਂ ਨੂੰ ਰੋਕਿਆ ਕਿਉਂ ਨਹੀਂ ਜਾ ਸਕਦਾ?

(viii) ਸ਼ਿਵ ਕੁਮਾਰ ਬਟਾਲਵੀ ਨੇ ਦਾਦੇ ਵਰਗੇ ਲੱਗਦੇ ਰੁੱਖਾਂ ਦਾ ਚਿਤਰਨ ਕਿਵੇਂ ਕੀਤਾ ਹੈ?

(ix) 'ਨਿੱਕੇ ਵੱਡੇ ਡਰ' ਕਵਿਤਾ ਵਿੱਚ ਕੌਣ 'ਤੇ ਕਿਸ ਨੂੰ ਬੋਲਣ ਦਾ ਮੌਕਾ ਨਹੀਂ ਦੇ ਰਿਹਾ ਅਤੇ ਕਿਉਂ?

(x) 'ਨਜ਼ਰ' ਕਵਿਤਾ ਕਿਸ ਦੁਆਰਾ ਲਿਖੀ ਗਈ ਹੈ ਅਤੇ ਇਸ ਕਵਿਤਾ ਵਿੱਚ ਕਿਸ ਨੂੰ ਨਜ਼ਰ ਲੱਗਣ ਬਾਰੇ ਗੱਲ ਕੀਤੀ ਗਈ ਹੈ?

(xi) ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਮਹਿਲ ਦੇ ਬਾਹਰ ਇੱਕ ਸੰਦੂਕ ਕਿਉਂ ਰਖਵਾਇਆ ਹੋਇਆ ਸੀ?

(xii) ਭਗਤ ਸਿੰਘ ਪੜ੍ਹਾਈ ਵਿੱਚ ਕਿਵੇਂ ਸੀ?

(xiii) ਮੌਸਮ ਵਿਭਾਗ ਕੋਲ ਕਿਸ ਤਰ੍ਹਾਂ ਦੇ ਕੰਪਿਊਟਰ ਹਨ?

(xiv) ਪਾਲੀ ਨੂੰ ਦੇਖ ਕੇ ਜੀਤ ਨੂੰ ਕਿਸ ਦੀ ਯਾਦ ਆਉਂਦੀ ਸੀ?

(xv) ਨੰਦੂ ਕਿੰਨੇ ਭੈਣ-ਭਰਾ ਸਨ?

UNNATI EDUCATIONS
EK KADAM UNNATI KI AUR

**8 ਪੁੱਛੇ ਗਏ ਅਨੁਸਾਰ 3 ਪ੍ਰਸ਼ਨਾਂ ਵਿੱਚੋਂ ਕੋਈ 2 ਪ੍ਰਸ਼ਨਾਂ ਦੇ ਉੱਤਰ 40-50 ਸ਼ਬਦਾਂ ਵਿੱਚ ਲਿਖੋ।** **2×3=6**

(i) ਧੀਆਂ ਪਿੰਡ ਚੱਲੀਆਂ

ਵਾਰ ਵਾਰ ਮੈਨੂੰ ਉਹੋ

ਤਾਕੀਦ ਕਰ ਰਹੀਆਂ ਨੇ

ਵਿੱਚੋਂ ਵਿੱਚੋਂ ਜਿਵੇਂ ਡਰ ਰਹੀਆਂ ਨੇ।

ਇਹ ਕਾਵਿ-ਸਤਰਾਂ ਵਿੱਚ ਕਿਸ ਤਰ੍ਹਾਂ ਦੇ ਵਿਚਾਰ ਪੇਸ਼ ਕੀਤੇ ਗਏ ਹਨ?

(ii) ਪੁਰਖਵਾਚਕ ਪੜਨਾਂਵ ਕਿਸ ਨੂੰ ਆਖਦੇ ਹਨ? ਇਸ ਦੀਆਂ ਕਿਸਮਾਂ ਦੇ ਨਾਂ ਲਿਖੋ।

(iii) ਭਗਤ ਸਿੰਘ ਕਿਸ ਕਾਲਜ ਵਿੱਚ ਪੜ੍ਹਦਾ ਸੀ ਤੇ ਉਸਦੇ ਮਨਪਸੰਦ ਮਜ਼ਮੂਨ ਕਿਹੜੇ ਸਨ?



UNNATI EDUCATION
9899436384: 9654-279-279

**9** **ਪੁੱਛੇ ਗਏ ਅਨੁਸਾਰ 5 ਪ੍ਰਸ਼ਨਾਂ ਵਿੱਚੋਂ ਕੋਈ 3 ਪ੍ਰਸ਼ਨਾਂ ਦੇ ਉੱਤਰ 70-80 ਸ਼ਬਦਾਂ ਵਿੱਚ ਲਿਖੋ।** **3×4=12**

(i) 'ਸ਼ਬਦ' ਤੋਂ ਕੀ ਭਾਵ ਹੈ? ਸ਼ਬਦ ਕਿੰਨੇ ਪ੍ਰਕਾਰ ਦੇ ਹੁੰਦੇ ਹਨ? ਨਾਂ ਲਿਖੋ।

(ii) ਭਾਈ ਵੀਰ ਸਿੰਘ ਨੇ 'ਸਮਾਂ' ਕਵਿਤਾ ਵਿੱਚ ਸਮੇਂ ਨੂੰ ਸਫ਼ਲ ਬਣਾਉਣ ਉੱਤੇ ਜ਼ੋਰ ਕਿਉਂ ਦਿੱਤਾ ਹੈ?

(iii) ਭਗਤ ਸਿੰਘ ਦੇ ਪਰਿਵਾਰ ਬਾਰੇ ਜਾਣਕਾਰੀ ਦਿਉ।

(iv) 'ਬੇ-ਈਮਾਨ' ਇਕਾਂਗੀ ਵਿੱਚ ਇੰਸਪੈਕਟਰ ਕਿਸ ਨੂੰ ਲੱਭਣ ਆਉਂਦਾ ਹੈ ਤੇ ਕਿਉਂ?

(v) 'ਬੇ-ਈਮਾਨ' ਇਕਾਂਗੀ ਦੇ ਪਾਤਰ 'ਮੈਨੇਜਰ' ਦੀ ਪਾਤਰ-ਉਸਾਰੀ ਕਰੋ।

**10** **ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਪੱਤਰ ਲਿਖੋ।** **1×6=6**

ਤੁਹਾਡੇ ਮਿੱਤਰ / ਸਹੇਲੀ ਨੇ ਤੁਹਾਡੇ ਜਨਮ-ਦਿਨ ਉੱਤੇ ਸੁਗਾਤ ਭੇਜੀ ਹੈ। ਇਸ ਲਈ ਚਿੱਠੀ ਲਿਖ ਕੇ ਉਸਦਾ ਧੰਨਵਾਦ ਕਰੋ।

**ਜਾਂ (OR)**

ਨਗਰਪਾਲਿਕਾ ਦੇ ਪ੍ਰਧਾਨ ਨੂੰ ਮੁੱਹਲੇ ਦੀ ਸਫ਼ਾਈ ਲਈ ਚਿੱਠੀ ਲਿਖੋ।

UNNATI EDUCATIONS
EK KADAM UNNATI KI AUR

**11** **ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ 125 ਤੋਂ 150 ਸ਼ਬਦਾਂ ਵਿੱਚ ਲੇਖ ਲਿਖੋ।** **1×6=6**

ਸੰਸਾਰ ਅਮਨ

**ਜਾਂ (OR)**

ਨਾਨਕ ਦੁਖੀਆ ਸਭ ਸੰਸਾਰੁ



UNNATI EDUCATION
9899436384: 9654-279-279